# ਘਰ ਵਿੱਚ ਲੈੱਡ ਵਾਲੇ ਪੇਂਟ ਦੇ ਖਤਰੇ

## ਕਿਰਾਏਦਾਰਾਂ ਨੂੰ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ



# ਤੁਹਾਨੂੰ ਲੈੱਡ ਵਾਲੇ ਪੇਂਟ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ

ਲੈੱਡ ਇੱਕ ਅਜਿਹਾ ਜ਼ਹਿਰ ਹੈ, ਜੋ ਜ਼ਿਆਦਾਤਰ ਪੁਰਾਣੇ ਪੇਂਟ ਵਿੱਚ ਪਾਇਆ ਜਾਂਦਾ ਹੈ। ਲੈੱਡ ਵਾਲਾ ਪੇਂਟ, ਅਤੇ ਧੂੜ ਜਿਸ ਵਿੱਚ ਇਹ ਵਿੱਚ ਬਦਲ ਜਾਂਦਾ ਹੈ, ਬਚਪਨ ਵਿੱਚ ਲੈੱਡ ਵਾਲੇ ਜ਼ਹਿਰ ਦਾ ਸਭ ਤੋਂ ਆਮ ਤੌਰ ‘ਤੇ ਪਛਾਣਿਆ ਜਾਂਦਾ ਸਰੋਤ ਹੈ। ਲੈੱਡ ਦੇ ਜ਼ਹਿਰ ਕਰਕੇ ਬੱਚੇ ਦੇ ਸਿੱਖਣ ਵਿੱਚ ਅਤੇ ਸੁਭਾਅ ਵਿੱਚ ਸਮੱਸਿਆ ਪੈਦਾ ਹੋ ਸਕਦੀ ਹੈ। 1960 ਵਿੱਚ ਨਿਊਯਾਰਕ ਸ਼ਹਿਰ (NYC) ਵਿੱਚ ਰਿਹਾਇਸ਼ੀ ਇਮਾਰਤਾਂ ਵਿੱਚ ਲੈੱਡ ਵਾਲੇ ਪੇਂਟ ਦੀ ਵਰਤੋਂ ਕਰਨ ਤੇ ਪਾਬੰਦੀ ਲਗਾ ਦਿੱਤੀ ਗਈ ਸੀ। 1960 ਤੋਂ ਪਹਿਲਾਂ ਬਣੀਆਂ ਇਮਾਰਤਾਂ ਦੀਆਂ ਕੰਧਾਂ, ਬਾਰੀਆਂ, ਬਾਰੀਆਂ ਦੇ ਕਿਨਾਰੇ, ਦਰਵਾਜਿਆਂ ਅਤੇ ਹੋਰ ਸਤਿਹਾਂ ਤੇ ਲੈੱਡ ਵਾਲਾ ਪੇਂਟ ਹੋਇਆ ਹੋ ਸਕਦਾ ਹੈ।

ਜੇਕਰ ਪੇਂਟ ਝੜਨਾ ਸ਼ੁਰੂ ਹੋ ਜਾਂਦਾ ਹੈ ਅਤੇ ਘਰ ਦੀ ਮੁਰੰਮਤ ਅਸੁਰੱਖਿਅਤ ਤਰੀਕੇ ਨਾਲ ਕੀਤੀ ਜਾਂਦੀ ਹੈ, ਤਾਂ ਲੈੱਡ ਵਾਲਾ ਪੇਂਟ ਅਤੇ ਧੂੜ ਤੁਹਾਡੇ ਘਰ ਵਿੱਚ ਫੈਲ ਸਕਦੇ ਹਨ। ਜਦੋਂ ਬੱਚੇ ਆਪਣੇ ਹੱਥ ਅਤੇ ਖਿਡੌਣੇ ਆਪਣੇ ਮੂੰਹ ਵਿੱਚ ਪਾਉਂਦੇ ਹਨ, ਉਹ ਉਦੋਂ ਲੈੱਡ ਦੀ ਧੂੜ ਨਿਗਲ ਸਕਦੇ ਹਨ।

ਆਪਣੇ ਬੱਚੇ ਨੂੰ ਲੈੱਡ ਦੇ ਜ਼ਹਿਰ ਤੋਂ ਬਚਾਉਣ ਵਿੱਚ ਮਦਦ ਲਈ NYC ਵਿੱਚ ਕਾਨੂੰਨ ਅਤੇ ਸੇਵਾਵਾਂ ਮੌਜੂਦ ਹਨ। ਮਕਾਨ ਮਾਲਕਾਂ ਨੂੰ ਲਾਜ਼ਮੀ ਤੌਰ ‘ਤੇ ਅਪਾਰਟਮੈਂਟਾਂ ਵਿੱਚ ਲੀਡ ਪੇਂਟ ਦੇ ਖਤਰਿਆਂ ਨੂੰ ਪਛਾਣਨਾ ਅਤੇ ਉਨ੍ਹਾਂ ਨੂੰ ਠੀਕ ਕਰਨਾ ਪਏਗਾ ਜਿੱਥੇ 5 ਸਾਲ ਜਾਂ ਇਸ ਤੋਂ ਛੋਟੇ ਬੱਚੇ ਰਹਿੰਦੇ ਹਨ ਜਾਂ ਹਰ ਹਫ਼ਤੇ 10 ਜਾਂ ਵਧੇਰੇ ਘੰਟੇ ਬਤੀਤ ਕਰਦੇ ਹਨ। ਇਹ ਕਾਨੂੰਨ 1960 (ਜਾਂ 1960 ਅਤੇ 1978 ਦੇ ਵਿਚਕਾਰ ਬਣੀ ਅਤੇ ਮਕਾਨ-ਮਾਲਿਕ ਜਾਣਦਾ ਹੈ ਕਿ ਇਮਾਰਤ ਤੇ ਲੈੱਡ ਵਾਲਾ ਪੇਂਟ ਹੋਇਆ ਹੈ) ਤੋਂ ਪਹਿਲਾਂ ਦੀ ਬਣੀ ਇਮਾਰਤ ਤੇ ਅਤੇ ਤਾਂ ਲਾਗੂ ਹੁੰਦਾ ਹੈ ਜੇ ਇਮਾਰਤ ਵਿੱਚ ਤਿੰਨ ਜਾਂ ਜ਼ਿਆਦਾ ਅਪਾਰਟਮੈਂਟ ਹਨ।

# ਤੁਹਾਨੂੰ ਕਾਨੂੰਨ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ

ਕਿਰਾਏਦਾਰਾਂ ਲਈ ਉਨ੍ਹਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਜਾਣਨਾ ਮਹੱਤਵਪੂਰਨ ਹੈ।

## ਮਕਾਨ-ਮਾਲਿਕਾਂ ਨੂੰ ਇਹ ਜ਼ਰੂਰ ਕਰਨਾ ਚਾਹੀਦਾ ਹੈ:

- ਇਹ ਪਤਾ ਲਗਾਓ ਕਿ ਕੋਈ 5 ਸਾਲ ਜਾਂ ਇਸ ਤੋਂ ਛੋਟੇ ਬੱਚੇ ਰਹਿੰਦੇ ਹਨ ਜਾਂ ਇਮਾਰਤ ਵਿਚ 10 ਜਾਂ ਵਧੇਰੇ ਘੰਟੇ ਪ੍ਰਤੀ ਹਫ਼ਤੇ ਬਿਤਾਉਂਦੇ ਹਨ ਅਤੇ ਹਰ ਸਾਲ ਲੈੱਡ ਪੇਂਟ ਦੇ ਖਤਰਿਆਂ ਲਈ ਉਨ੍ਹਾਂ ਅਪਾਰਟਮੈਂਟਾਂ ਦਾ ਮੁਆਇਨਾ ਕਰੋ।
- ਕਿਸੇ ਵੀ ਨਵੇਂ ਕਿਰਾਏਦਾਰ ਦੇ ਰਹਿਣ ਆਉਣ ਤੋਂ ਪਹਿਲਾਂ, ਇੱਕ ਅਤੇ ਦੋ ਪਰਿਵਾਰ ਵਾਲੇ ਘਰਾਂ ਸਮੇਤ ਸਾਰੀਆਂ ਕਿਰਾਏ 'ਤੇ ਦੇਣ ਵਾਲੀਆਂ ਇਮਾਰਤਾਂ ਵਿੱਚ ਲੈੱਡ ਵਾਲੇ ਪੇਂਟ ਨਾਲ ਜੁੜੇ ਖਤਰਿਆਂ ਦੀ ਮੁਰੰਮਤ ਕਰਾਉਣੀ ਚਾਹੀਦੀ ਹੈ।
- ਲੈੱਡ ਵਾਲੇ ਪੇਂਟ ਨਾਲ ਜੁੜੇ ਖਤਰਿਆਂ ਨੂੰ ਠੀਕ ਕਰਨ ਸਮੇਂ ਅਤੇ ਲੈੱਡ ਵਾਲੇ ਪੇਂਟ ਨੂੰ ਖਰਾਬ ਕਰਨ ਵਾਲੇ ਆਮ ਮੁਰੰਮਤ ਦੇ ਕੰਮ ਵੇਲੇ ਸੁਰੱਖਿਅਤ ਕਾਰਜ ਅਭਿਆਸਾਂ ਅਤੇ ਸਿਖਲਾਈ ਪ੍ਰਾਪਤ ਕਰਮਚਾਰੀਆਂ ਦੀ ਵਰਤੋਂ ਕਰੋ।
- ਲੈੱਡ ਵਾਲੇ ਪੇਂਟ ਦੇ 100 ਵਰਗ ਫੁੱਟ ਤੋਂ ਜਿਆਦਾ ਖੇਤਰ ਨਾਲ ਛੇੜਛਾੜ ਕਰਨ ਵੇਲੇ, ਬਾਰੀਆਂ ਬਦਲਵਾਉਂਦੇ ਸਮੇਂ ਜਾਂ NYC ਦੇ ਹਾਊਸਿੰਗ ਪ੍ਰੀਜ਼ਰਵੇਸ਼ਨ ਐਂਡ ਡਵੈਲਪਮੈਂਟ ਵਿਭਾਗ ਵੱਲੋਂ ਜਾਰੀ ਉਲੰਘਣ ਨੂੰ ਠੀਕ ਕਰਨ ਵੇਲੇ ਅਜਿਹੀਆਂ ਫਰਮਾਂ ਦੀ ਹੀ ਸੇਵਾਵਾਂ ਲਓ ਜਿਨਾਂ ਨੂੰ ਅਮਰੀਕੀ ਵਾਤਾਵਰਣ ਸੁਰੱਖਿਆ ਏਜੰਸੀ ਦਾ ਪ੍ਰਮਾਣ-ਪੱਤਰ ਮਿਲਿਆ ਹੋਇਆ ਹੈ।

### ਸੁਰੱਖਿਅਤ ਕਾਰਜ ਅਭਿਆਸਾਂ ਵਿੱਚ ਸ਼ਾਮਲ ਹਨ:

- ਕਾਰਜ ਖੇਤਰ ਦੇ ਬਾਹਰ ਚੇਤਾਵਨੀ ਸੰਕੇਤ ਚਿਪਕਾਉਣਾ।
- ਸਾਰਾ ਫਰਨੀਚਰ ਹਿਲਾਉਣਾ ਜਾਂ ਢੱਕਣਾ ਅਤੇ ਫਰਸ਼, ਦਰਵਾਜ਼ੇ ਅਤੇ ਹੋਰ ਖੁੱਲੀਆਂ ਚੀਜ਼ਾਂ ਨੂੰ ਪਲਾਸਟਿਕ ਅਤੇ ਪਾਣੀ-ਰੋਧੀ ਟੇਪ ਨਾਲ ਬੰਦ ਕਰਨਾ।
- ਰੋਜ਼ ਕਾਰਜ ਖੇਤਰ ਨੂੰ ਗਿੱਲੇ ਪੋਚੇ ਨਾਲ ਜਾਂ HEPA ਵੈਕਿਊਮ ਨਾਲ ਸਾਫ਼ ਕਰਨਾ ਅਤੇ ਕੰਮ ਪੂਰਾ ਹੋ ਜਾਣ ਤੋਂ ਬਾਅਦ ਗਿੱਲੇ ਪੋਚੇ ਨਾਲ ਅਤੇ HEPA ਵੈਕਿਊਮ ਦੋਹਾਂ ਨਾਲ ਸਾਫ਼ ਕਰਨਾ।
- ਇੱਕ ਸਿਖਲਾਈ ਪ੍ਰਾਪਤ ਵਿਅਕਤੀ ਕੰਮ ਪੂਰਾ ਹੋਣ ਤੋਂ ਬਾਅਦ ਲੈੱਡ ਦੀ ਧੂੜ ਦਾ ਸੁਰੱਖਿਅਤ ਪੱਧਰ ਯਕੀਨੀ ਬਣਾਉਣ ਲਈ ਸਫਾਈ ਵਾਲੀਆਂ ਧੂੜ ਪੱਟੀਆਂ ਵਰਤਦਾ ਹੈ ਅਤੇ ਕਿਰਾਏਦਾਰ ਨੂੰ ਨਤੀਜਿਆਂ ਦੀ ਇੱਕ ਨਕਲ ਦਿੰਦਾ ਹੈ।

**ਮਕਾਨ-ਮਾਲਿਕ ਅਤੇ ਠੇਕੇਦਾਰਾਂ ਨੂੰ ਲੈੱਡ ਵਾਲੇ ਪੇਂਟ ਨੂੰ ਕਦੇ ਵੀ ਡ੍ਰਾਈ-ਸਕ੍ਰੇਪ ਜਾਂ ਡ੍ਰਾਈ-ਸੈਂਡ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ।**

## ਕਿਰਾਏਦਾਰਾਂ ਨੂੰ ਇਹ ਜ਼ਰੂਰ ਕਰਨਾ ਚਾਹੀਦਾ ਹੈ:

- ਆਪਣੇ ਮਕਾਨ-ਮਾਲਿਕ ਤੋਂ ਮਿਲਿਆ ਸਾਲਾਨਾ ਨੋਟਿਸ ਭਰਕੇ ਵਾਪਸ ਕਰਨਾ ਚਾਹੀਦਾ ਹੈ। ਇਹ ਫਾਰਮ ਮਕਾਨ ਮਾਲਕ ਨੂੰ ਦੱਸਦਾ ਹੈ ਜੇ ਕੋਈ ਬੱਚੇ ਅਪਾਰਟਮੈਂਟ ਵਿਚ ਰਹਿੰਦੇ ਹਨ ਜਾਂ ਨਿਯਮਤ ਰੂਪ ਵਿਚ ਸਮਾਂ ਬਤੀਤ ਕਰਦੇ ਹਨ।
- ਮਕਾਨ ਮਾਲਕ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੋ ਜੇ ਕਿਰਾਏਦਾਰ ਦਾ ਕੋਈ ਬੱਚਾ ਹੈ ਜਾਂ ਜੇ ਕੋਈ ਬੱਚਾ 5 ਸਾਲ ਜਾਂ ਇਸ ਤੋਂ ਛੋਟਾ ਰਹਿਣ ਆਉਂਦਾ ਹੈ ਜਾਂ ਅਪਾਰਟਮੈਂਟ ਵਿੱਚ ਹਰ ਹਫ਼ਤੇ 10 ਜਾਂ ਵਧੇਰੇ ਘੰਟੇ ਬਤੀਤ ਕਰਨਾ ਸ਼ੁਰੂ ਕਰਦਾ ਹੈ।

# ਲੈੱਡ ਵਾਲੇ ਪੇਂਟ ਤੋਂ ਬੱਚਿਆਂ ਦੀ ਰੱਖਿਆ ਲਈ ਤੁਸੀਂ ਕੀ ਕਰ ਸਕਦੇ ਹੋ

- ਆਪਣੇ ਮਕਾਨ-ਮਾਲਿਕ ਨੂੰ ਆਪਣੇ ਅਪਾਰਟਮੈਂਟ ਦੇ ਝੜਦੇ ਪੇਂਟ, ਤਰੇੜਾਂ ਅਤੇ ਛਿਲਕਿਆਂ ਬਾਰੇ ਦੱਸੋ।
- ਜੇ ਤੁਹਾਡਾ ਮਕਾਨ-ਮਾਲਕ ਝੜ ਰਹੇ ਪੇਂਟ ਨੂੰ ਠੀਕ ਨਹੀਂ ਕਰਦਾ ਜਾਂ ਜੇ ਤੁਹਾਨੂੰ ਲਗਦਾ ਹੈ ਕਿ ਮੁਰੰਮਤ ਦਾ ਕੰਮ ਅਸੁਰੱਖਿਅਤ ਢੰਗ ਨਾਲ ਕੀਤਾ ਜਾ ਰਿਹਾ ਹੈ, ਤਾਂ ਮੁਫਤ ਜਾਂਚ ਦੀ ਬੇਨਤੀ ਕਰਨ ਲਈ 311 ਤੇ ਕਾਲ ਕਰੋ।
- ਸਮੇਂ-ਸਮੇਂ 'ਤੇ ਫਰਸ਼, ਬਾਰੀਆਂ ਦੇ ਕਿਨਾਰੇ, ਹੱਥ, ਖਿਡੌਣੇ ਅਤੇ ਚੂਸਨੀ ਧੋਵੋ।
- ਆਪਣੇ ਡਾਕਟਰ ਨੂੰ ਆਪਣੇ 1 ਸਾਲ ਅਤੇ 2 ਸਾਲ ਦੀ ਉਮਰ ਵਾਲੇ  ਬੱਚੇ ਲਈ ਲੈੱਡ ਜ਼ਹਿਰ ਟੈਸਟ ਕਰਨ ਲਈ ਯਾਦ ਦਿਵਾਓ। ਆਪਣੇ ਡਾਕਟਰ ਨੂੰ ਵੱਡੀ ਉਮਰ ਦੇ ਬੱਚਿਆਂ ਦੀ ਜਾਂਚ ਕਰਨ ਬਾਰੇ ਪੁੱਛੋ। ਜੇ ਤੁਹਾਡੇ ਕੋਲ ਕੋਈ ਡਾਕਟਰ ਨਹੀਂ ਹੈ, ਤਾਂ ਇਹ ਪਤਾ ਕਰਨ ਲਈ 311 'ਤੇ ਫ਼ੋਨ ਕਰੋ ਕਿ ਤੁਹਾਡੇ ਬੱਚੇ ਦਾ ਟੈਸਟ ਕਿੱਥੇ ਕਰਾਉਣਾ ਹੈ।



# ਤੁਸੀਂ ਲੈੱਡ ਦੇ ਜ਼ਹਿਰ ਤੋਂ ਬਚਣ ਵਿੱਚ ਮਦਦ ਕਰ ਸਕਦੇ ਹੋ

## 311 'ਤੇ ਫ਼ੋਨ ਕਰੋ:

- ਅਸੁਰੱਖਿਅਤ ਤਰੀਕੇ ਨਾਲ ਕੀਤੇ ਜਾਂਦੇ ਕੰਮ ਦੀ ਜਾਣਕਾਰੀ ਦੇਣ ਲਈ।
- ਲੈੱਡ ਦੇ ਜ਼ਹਿਰ ਤੋਂ ਬਚਣ ਦੇ ਤਰੀਕਿਆਂ ਬਾਰੇ ਹੋਰ ਜਾਣਨ ਲਈ।
- ਪੀਣ ਵਾਲੇ ਪਾਣੀ ਲਈ ਇੱਕ ਮੁਫਤ ਲੈੱਡ ਟੈਸਟ ਕਿੱਟ ਦਾ ਆਡਰ ਦਿਓ। ਪਾਣੀ ਦੇ ਨਮੂਨੇ ਜਮ੍ਹਾਂ ਕਰਨ ਦੇ 30 ਦਿਨਾਂ ਦੇ ਅੰਦਰ ਤੁਸੀਂ ਨਤੀਜੇ ਪ੍ਰਾਪਤ ਕਰੋਗੇ।
- ਲੈੱਡ ਦੇ ਜ਼ਹਿਰ ਲਈ ਆਪਣੇ ਬੱਚੇ ਦੀ ਜਾਂਚ ਅਤੇ ਇਲਾਜ ਕਰਾਉਣ ਦੀਆਂ ਥਾਵਾਂ ਪਤਾ ਕਰਨ ਲਈ।
- ਲੈੱਡ ਜ਼ਹਿਰ ਰੋਕਣ ਬਾਰੇ ਇਸ ਬਰੋਸ਼ਰ ਜਾਂ ਹੋਰ ਸਮੱਗਰੀ ਦੀਆਂ ਵਧੇਰੇ ਕਾਪੀਆਂ ਮੰਗਵਾਓ।

---

ਕਈ ਰਿਹਾਇਸ਼ੀ ਅਪਾਰਟਮੈਂਟਾਂ ਵਾਲੀਆਂ ਇਮਾਰਤਾਂ (ਤਿੰਨ ਜਾਂ ਇਸ ਤੋਂ ਜਿਆਦਾ ਅਪਾਰਟਮੈਂਟ) ਦੇ ਮਕਾਨ-ਮਾਲਿਕਾਂ ਲਈ ਇਮਾਰਤ 1960 (ਜਾਂ 1960 ਅਤੇ 1978 ਦੇ ਵਿਚਕਾਰ ਬਣੀ ਹੈ ਅਤੇ ਮਕਾਨ-ਮਾਲਿਕ ਜਾਣਦਾ ਹੈ ਕਿ ਇਮਾਰਤ ਤੇ ਲੈੱਡ ਵਾਲਾ ਪੇਂਟ ਹੋਇਆ ਹੈ) ਤੋਂ ਪਹਿਲਾਂ ਦੀ ਬਣੀ ਹੋਣ ਤੇ ਇਹ ਲਾਜ਼ਮੀ ਹੈ ਕਿ ਉਹ ਕਿਰਾਏਨਾਮੇ ਤੇ ਹਸਤਾਖਰ ਕਰਨ ਵੇਲੇ ਜਾਂ ਅਪਾਰਟਮੈਂਟ ਵਿੱਚ ਰਹਿਣ ਲਈ ਆਉਣ ਵੇਲੇ ਕਿਰਾਏਦਾਰਾਂ ਨੂੰ ਇਹ ਬਰੋਸ਼ਰ ਦੇਣ। ਇਸ ਕਿਤਾਬਚੇ ਵਿੱਚ ਮੁੱਢਲੀਕਾਨੂੰਨੀ ਜਾਣਕਾਰੀ ਹੈ ਅਤੇ ਕੇਵਲ ਤੁਹਾਡੀ ਸਹੂਲਤ ਲਈ ਪ੍ਰਦਾਨ ਕੀਤੀ ਗਈ ਹੈ। ਕਾਨੂੰਨਾਂ ਅਤੇ ਲਾਗੂ ਨਿਯਮਾਂ ਦੀ ਕਾਪੀ ਲਈ, **nyc.gov/hpd** 'ਤੇ ਜਾਓ ਅਤੇ **"lead poisoning" (ਲੈੱਡ ਦੇ ਜ਼ਹਿਰ)** ਲਈ ਖੋਜ ਕਰੋ।

---

ਲੈੱਡ ਦੇ ਜ਼ਹਿਰ ਤੋਂ ਬਚਣ ਬਾਰੇ ਹੋਰ ਜਾਣਕਾਰੀ ਲੈਣ ਲਈ, **nyc.gov/leadfree** 'ਤੇ ਜਾਓ।

EHS1324041 - 10.19
Punjabi